# ਦਫਤਰ ਨਗਰ ਨਿਗਮ ਫਗਵਾੜਾ
## OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com


ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ...2431...　　　　ਮਿਤੀ: ...14/8/23

**ਵਿਸ਼ਾ:-** **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 14/08/2023 ਨੂੰ ਪਾਸ ਕੀਤੇ ਗਏ ਹੁਕਮਾ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ: 59, 60, ਮਿਤੀ 14/08/2023 ਦੀ ਨਕਲ ਆਪ ਜੀ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 2432-2435　　　　**ਮਿਤੀ:** 14/8/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 Fax: 01824-223260
Website: www.mcphagwara.com Email: comm.mcpgr@punjab.gov.in

ਮਿਤੀ 14/08/2023 ਨੂੰ ਡਾ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 59<br>14/08/2023 | ਰਿਪੋਰਟ ਵੱਲੋ ਅਮਲਾ ਸੁਪਰਡੰਟ, ਨਗਰ ਨਿਗਮ ਫਗਵਾੜਾ ਕਿ ਸ਼੍ਰੀ ਅਸ਼ੋਕ ਕੁਮਾਰ ਪੁੱਤਰ ਸ਼੍ਰੀ ਜਗਨ ਨਾਥ, ਸੀਵਰਮੈਨ, ਨਗਰ ਨਿਗਮ,ਫਗਵਾੜਾ ਨੇ ਹਿੰਦੋਸਤਾਨ ਹੈਲਥ ਟ੍ਰੈਨਿੰਗ ਇੰਸਟੀਚਿਊਟ, ਲੁਧਿਆਣਾ ਤੋਂ ਕੋਰਸਪੋਨਡੈਂਸ ਤੌਰ ਤੇ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ (ਇੱਕ ਸਾਲ ਦਾ ਡਿਪਲੋਮਾ) ਕਰਨ ਲਈ ਦਫਤਰ ਨਗਰ ਨਿਗਮ,ਫਗਵਾੜਾ ਵਿਖੇ ਦਰਖਾਸਤ ਦਿੱਤੀ ਸੀ। ਜਿਸ ਸਬੰਧੀ ਇਸ ਦਫਤਰ ਵੱਲੋਂ ਮਤਾ ਨੰ. 39 ਮਿਤੀ 05-06-2023 ਪ੍ਰਵਾਨ ਹੈ। ਪਰੰਤੂ ਹਣ ਸ਼੍ਰੀ ਅਸ਼ੋਕ ਕੁਮਾਰ,ਸੀਵਰਮੈਨ ਵੱਲੋਂ ਮੁੜ ਮਿਤੀ 28-07-2023 ਨੂੰ ਇਸ ਦਫਤਰ ਵਿਖੇ ਰਸੀਟ ਨੰ. 1802 ਰਾਹੀਂ ਦਰਖਾਸਤ ਦਿੱਤੀ ਗਈ ਹੈ ਕਿ ਉਹ ਕੁਝ ਘਰੇਲੂ ਕਾਰਨਾ ਕਰਕੇ ਉਕਤ ਇੰਸਟੀਚਿਊਟ ਵਿਖੇ ਦਾਖਲਾ ਨਹੀਂ ਲੈ ਸਕਿਆ ਅਤੇ ਹੁਣ ਉਹ ਇਹ ਕੋਰਸਪੋਨਡੈਂਸ ਡਿਪਲੋਮਾ ਮਾਤਾ ਚਰਨ ਕੌਰ ਕਾਲਜ਼, ਮਜੀਠਾ ਰੋਡ, ਅੰਮ੍ਰਿਤਸਰ ਤੋ ਕਰਨਾ ਚਾਹੁੰਦਾ ਹੈ, ਜਿਸ ਸਬੰਧੀ ਉਸ ਵਲੋਂ ਐਨ.ਓ.ਸੀ. ਦੀ ਮੰਗ ਕੀਤੀ ਗਈ ਹੈ।<br><br>ਪ੍ਰਾਰਥੀ ਦੀ ਬੇਨਤੀ ਨੂੰ ਮੁੱਖ ਰੱਖਦੇ ਹੋਏ ਕਰਮਚਾਰੀ ਦੀ ਬੇਨਤੀ ਹੇਠ ਦਰਸਾਈਆਂ ਸ਼ਰਤਾਂ ਤੇ ਪ੍ਰਵਾਨ ਕੀਤੀ ਜਾਣੀ ਵਾਜਿਬ ਹੋਵੇਗੀ ਜੀ :-<br>1. ਇਹ ਕਿ ਕਰਮਚਾਰੀ ਆਪਣੀ ਵਿਦਿਅਕ ਯੋਗਤਾ ਦੇ ਵਾਧੇ ਲਈ ਕਿਸੇ ਵੀ ਪ੍ਰਕਾਰ ਦੇ ਖਰਚੇ ਦਾ ਕਲੇਮ ਵਿਭਾਗ ਪਾਸੋਂ ਨਹੀਂ ਕਰੇਗਾ।<br>2. ਇਹ ਕਿ ਕਰਮਚਾਰੀ ਨੂੰ ਕੇਵਲ ਪ੍ਰੀਖਿਆ ਵਾਲੇ ਦਿਨ ਦੀ ਹੀ ਛੁੱਟੀ ਦਿੱਤੀ ਜਾਵੇਗੀ।<br>3. ਇਹ ਕਿ ਕਰਮਚਾਰੀ ਨੂੰ ਪ੍ਰੀਖਿਆ ਦੀ ਤਿਆਰੀ ਕਰਨ ਲਈ ਕੋਈ ਛੁੱਟੀ ਨਹੀ ਦਿੱਤੀ ਜਾਵੇਗੀ।<br>4. ਇਹ ਕਿ ਕਰਮਚਾਰੀ ਦਫਤਰੀ ਕੰਮ ਨੂੰ ਪਹਿਲ ਦੇਣ ਲਈ ਪਾਬੰਦ ਹੋਵੇਗਾ।<br>5. ਇਹ ਕਿ ਸਬੰਧਤ ਯੂਨੀਵਰਸਿਟੀ/ ਇੰਸਟੀਚਿਊਟ ਵੱਲੋਂ ਪ੍ਰੀਖਿਆ ਸਬੰਧੀ ਜਦੋਂ ਵੀ ਡੇਟ-ਸ਼ੀਟ ਜਾਰੀ ਹੁੰਦੀ ਹੈ, ਦੀ ਸੂਚਨਾ ਵਿਭਾਗ ਨੂੰ ਦੇਣ ਲਈ ਪਾਬੰਦ ਹੋਵੇਗਾ। | ------ | ਸੂਚਨਾ ਹਿੱਤ। |

| | | | | |
|---|---|---|---|---|
| | | ਉਕਤ ਸ਼ਰਤਾਂ ਦੇ ਅਧਾਰ 'ਤੇ ਸ਼੍ਰੀ ਅਸ਼ੋਕ ਕੁਮਾਰ, ਸੀਵਰਮੈਨ ਨਗਰ ਨਿਗਮ, ਫਗਵਾੜਾ ਨੂੰ ਮਾਤਾ ਚਰਨ ਕੌਰ ਕਾਲਜ਼, ਮਜੀਠਾ ਰੋਡ, ਅੰਮ੍ਰਿਤਸਰ ਤੋਂ ਕੋਰਸਪੋਨਡੈਂਸ ਤੌਰ ਤੇ ਸੈਨਟਰੀ ਇੰਸਪੈਕਟਰ ਦਾ ਡਿਪਲੋਮਾ (ਇਕ ਸਾਲ ਦਾ ਡਿਪਲੋਮਾ) ਕਰਨ ਲਈ ਮਤਾ ਪਾਉਣ ਹਿੱਤ ਰਿਪੋਰਟ ਪੇਸ਼ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਉਕਤ ਸਬੰਧੀ ਮਤਾ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | | |
| 2 | 60<br>14/08/2023 | ਰਿਪੋਰਟ ਵੱਲੋਂ ਅਮਲਾ ਸੁਪਰਡੰਟ, ਨਗਰ ਨਿਗਮ, ਫਗਵਾੜਾ ਕਿ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (P.P.-3 Branch) ਵਲੋਂ ਜਾਰੀ Policy for Welfare of Adhoc,Contractual, Daily Wages, Work Charges and Temporary employees ਨੂੰ ਅਡਾਪਟ ਕਰਨ ਸਬੰਧੀ ਸਥਾਨਕ ਸਰਕਾਰ ਵਿਭਾਗ, ਪੰਜਾਬ (ਜਨਰਲ ਸ਼ਾਖਾ) ਵਲੋਂ ਪੰਜਾਬ ਸਰਕਾਰ ਪ੍ਰਸੋਨਲ ਵਿਭਾਗ (P.P.-3 Branch) ਵਲੋਂ ਜਾਰੀ Policy for Welfare of Adhoc,Contractual, Daily Wages, Work Charges and Temporary employees ਨੂੰ ਆਪਣੇ ਪੱਤਰ ਨੰ. ਸ2-ਜਸ-ਡਸਸ-23/42861-894 ਮਿਤੀ 07-08-2023 ਰਾਹੀਂ ਸਮੂਹ ਕਮਿਸ਼ਨਰ ਨਗਰ ਨਿਗਮਾਂ ਅਤੇ ਸਮੂਹ ਵਧੀਕ ਡਿਪਟੀ ਕਮਿਸ਼ਨਰ(ਸ਼ਹਿਰੀ ਵਿਕਾਸ/ਜਨਰਲ) ਅਡਾਪਟ ਕਰਨ ਲਈ ਭੇਜਿਆ ਗਿਆ ਹੈ। ਇਸ ਪਾਲਸੀ ਨੂੰ ਅਡਾਪਟ ਕਰਨ ਲਈ ਮਤੇ ਦੇ ਰੂਪ ਵਿੱਚ ਹਾਊਸ ਵੱਲੋਂ ਪ੍ਰਵਾਨ ਕਰਵਾਇਆ ਜਾਣਾ ਹੈ। ਕਿਉਂ ਜੋ ਮੌਜੂਦਾ ਸਮੇਂ ਨਗਰ ਨਿਗਮ, ਫਗਵਾੜਾ ਦਾ ਹਾਊਸ ਹੋਂਦ ਵਿੱਚ ਨਹੀਂ ਹੈ। ਇਸ ਲਈ ਇਸ ਪਾਲਸੀ ਨੂੰ ਅਡਾਪਟ ਕੀਤੇ ਜਾਣ ਲਈ ਮਾਨਯੋਗ ਕਮਿਸ਼ਨਰ ਜੀ ਦੀ ਪ੍ਰਸ਼ਾਸ਼ਕੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/MEO/DA/334 ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। ਉਕਤ ਸਬੰਧੀ ਮਤਾ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ